# ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ

**ਮ: ੪**

ਇਹ, ਗਉੜੀ ਕਿ ਵਾਰ ਮਹਲਾ ੪ ਦੀ ਆਖਰੀ ੩੩ਵੀਂ ਪਉੜੀ ਦੇ ਨਾਲ ਦਾ ਦੂਜਾ ਸਲੋਕ ਹੈ। ਇਹ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੩੧੭ ਤੇ ਸੁਭਾਇਮਾਨ ਹੈ।

**ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ ॥**

**ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥**

-- ਆਮ ਮਿਲਣ ਵਾਲੇ ਮਨੁਖ ਨੂੰ ਸਤਿਗੁਰ ਦੇ ਹਿਰਦੇ ਦੀ ਸਾਰ, ਭੇਤ ਦਾ ਪਤਾ ਨਹੀਂ ਲਗਦਾ, ਸਮਝ ਨਹੀਂ ਪੈਂਦੀ ਕਿ ਸਤਿਗੁਰੂ ਨੂੰ ਕੀ ਚੰਗਾ ਲਗਦਾ ਹੈ, ਭਾਉਂਦਾ ਹੈ।

ਇਸ ਦਾ ਭੇਤ ਤਾਂ ਧਰਮ ਗ੍ਰੰਥਾਂ ਦੇ ਪਾਠ ਪਠਨ ਨਾਲ ਵੀ ਨਹੀਂ ਮਿਲਦਾ। ਮਹਾਤਮਾ ਸਾਰੇ ਕਾਰਜ, ਧਰਮ ਗ੍ਰੰਥਾਂ ਦੀ ਮਰਿਆਦਾ ਵਿਚ ਰਹਿ ਕੇ ਨਹੀਂ ਕਰਦਾ। ਉਸ ਤੇ ਕਿਸੇ ਤਰ੍ਹਾਂ ਦੀ ਕੋਈ ਪਾਬੰਦੀ ਕੰਮ ਨਹੀਂ ਕਰਦੀ। ਉਹ ਸਰਵ ਕਲਾ ਭਰਪੂਰ, ਮਾਲਕ ਹੁੰਦਾ ਹੈ।

-- ਪਰ ਇਕ ਤਰੀਕਾ ਹੈ। ਗੁਰੂ ਦੇ ਸਿਖ, ਜੋ ਗੁਰੂ ਨੂੰ ਅਤਿ ਪਿਆਰੇ ਹੁੰਦੇ ਹਨ ਅਤੇ ਉਹ ਹਮੇਸ਼ਾ ਆਪਣੇ ਸਿਖਾਂ ਦੇ ਅੰਗ-ਸੰਗ ਰਹਿੰਦਾ ਹੈ, ਜੋ ਮਨੁਖ ਗੁਰੂ ਦੇ ਸਿਖਾਂ ਦੀ ਸੇਵਾ ਕਰਨਾ, ਖ਼ੁਸ਼ੀ ਪ੍ਰਾਪਤ ਕਰਨਾ ਲੋਚਦਾ ਅਤੇ ਉਨ੍ਹਾਂ ਦੀ ਖ਼ੁਸ਼ੀ ਪ੍ਰਾਪਤ ਕਰਦਾ ਹੈ, ਉਸ ਮਨੁਖ ਨੂੰ ਗੁਰੂ ਦੀ ਖ਼ੁਸ਼ੀ ਅਵੱਸ਼ ਪ੍ਰਾਪਤ ਹੋ ਜਾਂਦੀ ਹੈ। ਗੁਰਸਿਖ ਦੀ ਖ਼ੁਸ਼ੀ, ਗੁਰੂ ਦੀ ਖ਼ੁਸ਼ੀ ਦੀ ਕੁੰਜੀ ਹੈ।

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬਾਨ ਨੂੰ ਜਦੋਂ ਕੋਈ ਵੀ ਕਿਸੇ ਕਾਰਜ ਲਈ ਬੇਨਤੀ ਕਰਦਾ ਸੀ ਤਾਂ ਸਭ ਗੁਰੂ ਸਾਹਿਬਾਨ, ਗੁਰਸਿਖਾਂ ਦੀ ਸੇਵਾ ਕਰਨ ਦਾ ਹੁਕਮ ਕਰ ਦਿਆ ਕਰਦੇ ਸਨ। ਇਸ ਤਰ੍ਹਾਂ ਹਰ ਇਕ ਦੇ ਕਾਰਜ ਰਾਸ ਹੋ ਜਾਂਦੇ ਹਨ। '**ਬੁਧੂ ਦਾ ਆਵਾ ਕਚਾ**' ਵਾਲੀ ਸਾਖੀ ਬਹੁਤ ਪ੍ਰਸਿਧ ਹੈ ਜਦੋਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਆਪਣੇ ਕੀਤੇ ਬਚਨ ਨੂੰ ਪਾਸੇ ਰਖ ਕੇ ਆਪਣੇ ਇਕ, ਦਿਸਣ ਨੂੰ ਗਰੀਬੜੇ ਜਿਹੇ ਸਿਖ, ਭਾਈ ਲਖੂ ਜੀ ਦਾ ਬਚਨ ਪੁਗਾਇਆ ਸੀ, ਜਿਸ ਨੇ ਲੰਗਰ ਨਾ ਮਿਲਣ ਤੇ ਭਾਈ ਬੁਧੂ ਜੀ ਦੇ ਇਟਾਂ ਦੇ ਆਵੇ ਦਾ ਕਚਾ ਨਿਕਲਣ ਦਾ ਬਚਨ ਕਰ ਦਿਤਾ, ਹਾਲਾਂਕਿ ਭਾਈ ਬੁਧੂ ਜੀ ਦੁਆਰਾ ਗੁਰਸਿਖਾਂ ਦੀ ਸੇਵਾ ਕਰਨ ਕਰ ਕੇ ਸ੍ਰੀ ਗੁਰੂ ਅਰਜਨ ਸਾਹਿਬ ਨੇ ਆਵਾ ਪਕਾ ਨਿਕਲਣ ਦਾ ਬਚਨ ਕੀਤਾ ਹੋਇਆ ਸੀ। ਆਵਾ ਕਚਾ ਹੀ ਨਿਕਲਿਆ ਸੀ। ਗੁਰੂ ਸਾਹਿਬ ਨੇ ਆਪਣੇ ਸਿਖ ਦਾ ਬਚਨ ਕਟਣ ਤੋਂ ਸਾਫ਼ ਇਨਕਾਰ ਕਰ ਦਿਤਾ ਸੀ।

ਭਗਤ ਨਾਮਦੇਵ ਜੀ ਦੇ ਸਪੱਸ਼ਟ ਬਚਨ ਹਨ ਕਿ ਗੁਰੂ ਕਹਿੰਦਾ ਹੈ, 'ਮੇਰਾ ਬੰਨ੍ਹੇ ਹੋਏ ਨੂੰ ਮੇਰਾ ਭਗਤ ਛੁਡਾ ਸਕਦਾ ਹੈ ਪਰ ਮੇਰੇ ਭਗਤ ਦੇ ਬੰਨ੍ਹੇ ਹੋਏ ਨੂੰ ਮੈਂ ਨਹੀਂ ਛੁਡਾ ਸਕਦਾ, ਸਗੋਂ ਮੇਰਾ ਭਗਤ ਤਾਂ ਮੈਨੂੰ ਵੀ ਬੰਨ੍ਹ ਲਏ ਤਾਂ ਮੈਂ ਉਜਰ ਨਹੀਂ ਕਰ ਸਕਦਾ' - 'ਮੇਰੀ ਬਾਂਧੀ ਭਗਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥ ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥', ਪੰਨਾ ੧੨੫੨.

**ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ**
**ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥**

**ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ**
**ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥**

-- ਕਿਉਂਕਿ ਗੁਰੂ ਦੇ ਸਿਖ ਉਹੀ ਕਾਰ ਕਮਾਉਂਦੇ ਹਨ, ਉਸੇ ਤਰ੍ਹਾਂ ਦਾ ਹੀ ਜਪ ਕਮਾਉਂਦੇ ਹਨ, ਜਿਹੋ ਜਿਹਾ ਉਨ੍ਹਾਂ ਦੇ ਗੁਰੂ ਦਾ ਹੁਕਮ ਹੁੰਦਾ ਹੈ, ਭਾਣਾ ਹੁੰਦਾ ਹੈ। ਇਸੇ ਲਈ

ਗੁਰਸਿਖਾਂ ਦੀ ਘਾਲ ਕਮਾਈ ਨੂੰ ਗੁਰੂ ਸਚਾ, ਕਬੂਲ ਕਰ ਲੈਂਦਾ ਹੈ, ਥਾਂ ਪਾਉਂਦਾ ਹੈ। ਗੁਰਸਿਖ ਗੁਰੂ ਨੂੰ ਬਹੁਤ ਪਿਆਰੇ ਹਨ।
ਹਰ ਇਕ ਦੀ ਭਗਤੀ ਕਮਾਈ ਥਾਂ ਨਹੀਂ ਪੈਂਦੀ। ਸਿਰਫ਼ ਗੁਰੂ ਦੇ ਬਚਨਾਂ ਅਨੁਸਾਰ ਕੀਤੀ ਕਮਾਈ ਤੇ ਹੀ ਗੁਰੂ ਪ੍ਰਸੰਨ ਹੁੰਦਾ ਹੈ ਅਤੇ ਉਨ੍ਹਾਂ ਦੀ ਕੀਤੀ ਭਗਤੀ ਕਮਾਈ ਨੂੰ ਕਬੂਲ ਕਰ ਲੈਂਦਾ ਹੈ, ਥਾਂ ਪਾ ਦਿੰਦਾ ਹੈ। ਉਸ ਦੇ ਕਬੂਲ ਕੀਤੇ ਬਿਨਾਂ ਭਗਤੀ ਨੂੰ ਫ਼ਲ ਨਹੀਂ ਲਗਦਾ। ਹਰ ਇਕ ਨੂੰ ਤਾਂ ਗੁਰੂ ਬਚਨ ਹੀ ਨਹੀਂ ਕਰਦਾ, ਨਾ ਹੀ ਹਰ ਇਕ ਨੂੰ ਬਚਨਾਂ ਦੀ ਸਮਝ ਪੈਂਦੀ ਹੈ, ਨਾ ਹੀ ਹਰ ਕੋਈ ਬਚਨ ਕਮਾਉਂਦਾ ਹੀ ਹੈ। ਪ੍ਰਭੂ ਨੂੰ ਧਿਆਉਣ ਵਾਲੇ ਬਹੁਤ ਹੁੰਦੇ ਹਨ, ਗੁਰੂ ਨੂੰ ਮਿਲਣ ਵਾਲੇ ਵੀ ਬਹੁਤ ਹੁੰਦੇ ਹਨ, ਪਰ ਜਿਹੜੇ ਸਿਖ ਗੁਰੂ ਨੂੰ ਪਸੰਦ ਹੁੰਦੇ ਹਨ, ਲੁੜੀਂਦੇ ਹਨ, ਭਾਉਂਦੇ ਹਨ, ਉਨ੍ਹਾਂ ਦੀ ਹੀ ਭਗਤੀ, ਸੇਵਾ ਥਾਂ ਪੈਂਦੀ ਹੈ, ਕਬੂਲ ਹੁੰਦੀ ਹੈ - 'ਤੁਧੁ ਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ॥', ਪੰਨਾ ੩੦੬. ਅਜਿਹੇ ਗੁਰਸਿਖਾਂ ਦੀ ਗਲ ਹੀ ਇਸ ਸਲੋਕ ਵਿਚ ਕੀਤੀ ਗਈ ਹੈ। ਇਹੀ ਤਥ ਸ੍ਰੀ ਗੁਰੂ ਨਾਨਕ ਸਾਹਿਬ ਨੇ ਮੁਸਲਮਾਨ ਨੂੰ ਵੀ ਸਮਝਾਇਆ ਹੈ ਕਿ ਮੁਸਲਮਾਨ ਅਲ੍ਹਾ ਦੀ ਵਡਿਆਈ, ਸਿਫ਼ਤ ਸਲਾਹ ਕਰਦਾ ਹੈ ਪਰ ਕਿਸੇ ਗੁਰੂ, ਪੀਰ, ਭਾਵ, ਦਰਵੇਸ਼, ਮੁਰਸ਼ਦ ਜਾਂ ਮਹਾਤਮਾ ਦੀ ਸੰਗਤਿ ਕਰ ਕੇ ਕਿਰਪਾ ਅਰਜਿਤ ਕੀਤੇ ਬਿਨਾਂ ਉਸ ਦੀ ਜਾਂ ਕਿਸੇ ਦੀ ਵੀ ਬੰਦਗੀ ਕੋਈ ਥਾਂ ਨਹੀਂ ਪੈਂਦੀ - 'ਮੁਸਲਮਾਨੁ ਕਰੇ ਵਡਿਆਈ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ॥', ਪੰਨਾ ੯੫੨.

-- ਜੋ ਮਨੁਖ, ਗੁਰੂ ਦੀ ਆਗਿਆ ਤੋਂ ਬਿਨਾਂ, ਗੁਰੂ ਦੇ ਆਸ਼ੇ ਦੇ ਉਲਟ, ਗੁਰਸਿਖਾਂ ਤੋਂ ਕੰਮ ਕਰਵਾਉਣਾ ਲੋਚੇ, ਗੁਰੂ ਦਾ ਸਿਖ ਫ਼ਿਰ ਅਜਿਹੇ ਬੰਦੇ ਦੇ ਨੇੜੇ ਨਹੀਂ ਆਉਂਦਾ। ਭਾਵ, ਗੁਰਸਿਖ ਦਾ ਅਦਬ ਸਤਿਕਾਰ ਕਾਇਮ ਰਖਣਾ ਜ਼ਰੂਰੀ ਹੈ, ਕੋਈ ਵੀ ਬੰਦਾ ਕਿਸੇ ਗੁਰਸਿਖ ਦੀ ਨਾਜਾਇਜ਼ ਵਰਤੋਂ ਨਾ ਕਰੇ। ਗੁਰੂ ਆਪਣੇ ਸਿਖ ਨਾਲ ਅਥਾਹ ਪ੍ਰੇਮ ਕਰਦਾ ਹੈ। ਪਾਤਸ਼ਾਹ ਦੇ ਬਚਨ ਹਨ, ਜਿਵੇਂ ਮਾਤਾ ਆਪਣੇ ਪੁਤਰ ਨੂੰ ਪਾਲਦੀ ਹੈ, ਸਦਾ ਆਪਣੀ ਨਜ਼ਰ ਥਲੇ ਰਖਦੀ ਹੈ, ਅੰਦਰ ਬਾਹਰ ਕੰਮ ਕਰਦੀ ਵੀ ਮੂੰਹ ਵਿਚ ਗਿਰਾਂਹੀ ਪਾਂਦੀ ਰਹਿੰਦੀ ਹੈ ਅਤੇ ਹਰ ਵਕਤ ਪੁਚਕਾਰਦੀ ਹੈ, ਇਸੇ ਤਰ੍ਹਾਂ ਸਤਿਗੁਰੂ, ਹਰੀ ਆਪਣੇ ਗੁਰਸਿਖ ਨੂੰ ਰਖਦਾ ਹੈ, ਉਸ ਨਾਲ ਪ੍ਰੀਤ, ਪਿਆਰ ਕਰਦਾ ਹੈ - 'ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥ **ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥**', ਪੰਨਾ ੧੬੮.

**ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥**
**ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥**

-- ਪਰ ਜੋ ਮਨੁਖ ਸਤਿਗੁਰੂ ਦੇ ਅਗੇ ਆਪਣਾ ਮਨ ਸਮਰਪਣ ਕਰਦਾ ਹੈ, ਬੰਦਗੀ, ਸੇਵਾ, ਘਾਲਣਾ ਕਰਦਾ ਹੈ, ਅਜਿਹੇ ਮਨੁਖ ਦੀ ਸੇਵਾ ਵਿਚ ਤਾਂ ਗੁਰਸਿਖ ਖ਼ੁਦ ਹੀ ਹਾਜ਼ਰ ਰਹਿੰਦਾ ਹੈ, ਪਰ ਹੋਰ ਕਿਸੇ ਦਾ ਹਕ ਨਹੀਂ ਬਣਦਾ ਕਿ ਉਹ ਗੁਰਸਿਖ ਤੋਂ ਸੇਵਾ ਕਰਾਏ, ਜਾਂ ਕਿਸੇ ਵੀ ਤਰੀਕੇ ਨਾਲ ਉਸ ਦਾ ਸ਼ੋਸ਼ਣ ਕਰੇ।

-- ਜੋ ਮਨੁਖ ਗੁਰੂ ਨਾਲ, ਜਾਂ ਗੁਰਸਿਖ ਨਾਲ ਮਨ ਵਿਚ ਠਗੀ ਰਖਦਾ ਹੈ, ਠਗੀ ਕਰ ਕੇ ਚਲਾ ਜਾਂਦਾ ਹੈ, ਗੁਰਸਿਖ ਉਸ ਦੇ ਨੇੜੇ ਹੀ ਨਹੀਂ ਲਗਦਾ। ਗੁਰਸਿਖ ਜੇ ਆਪਣੀ ਕਿਰਤ ਦੀ ਖ਼ਾਤਰ ਕਿਸੇ ਦਾ ਕੰਮ ਕਰਦਾ ਹੈ ਅਤੇ ਉਹ ਮਨੁਖ ਗੁਰਸਿਖ ਤੋਂ ਕੰਮ ਕਰਵਾ ਕੇ ਜਾਂ ਕਿਸੇ ਵੀ ਤਰੀਕੇ ਉਸ ਨਾਲ ਠਗੀ ਕਰ ਜਾਂਦਾ ਹੈ ਤਾਂ ਗੁਰਸਿਖ ਉਸ ਤੋਂ ਕਿਨਾਰਾ ਕਰ ਜਾਂਦਾ ਹੈ। ਜਿਸ ਮਨੁਖ ਤੋਂ ਗੁਰਸਿਖ ਮੂੰਹ ਮੋੜ ਲਏ, ਅਜਿਹਾ ਮਨੁਖ ਗੁਰੂ ਤੋਂ ਵੀ ਫ਼ਿਟਕਾਰਿਆ ਜਾਂਦਾ ਹੈ।

**ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥**
**ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ ॥੨॥**

-- ਚੌਥੇ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਹ ਸਾਰੀ ਬ੍ਰਹਮ ਬੀਚਾਰ ਹੈ, ਜੋ ਇਸ ਸਲੋਕ ਵਿਚ ਸੁਣਾਈ ਹੈ, ਭਾਵ, ਇਹ ਸਾਰੇ ਬਚਨ, ਰਬੀ ਫ਼ੁਰਮਾਣ ਹਨ।

-- ਪਾਤਸ਼ਾਹ ਫ਼ਿਰ ਸਪੱਸ਼ਟ ਕਰਦੇ ਹਨ ਕਿ ਸਤਿਗੁਰੂ ਦੇ ਮਨ ਦੀ ਖ਼ੁਸ਼ੀ ਤੋਂ ਬਿਨਾਂ ਜੋ ਵੀ ਕੋਈ ਕਿਸੇ ਗੁਰਸਿਖ ਤੋਂ ਕੰਮ ਕਰਵਾਉਂਦਾ ਹੈ, ਸੇਵਾ ਚਾਕਰੀ ਕਰਵਾਉਂਦਾ ਹੈ, ਉਸ ਦਾ ਸ਼ੋਸ਼ਣ ਕਰਦਾ ਹੈ, ਉਸ ਦੀ exploitation ਕਰਦਾ ਹੈ, ਉਹ ਜੀਵ ਮਹਾਂ ਦੁਖ ਪਾਉਂਦਾ ਹੈ। ਸਭ ਤੋਂ ਵਡਾ ਦੁਖ ਜਨਮ ਮਰਨ ਦਾ ਗੇੜ ਹੈ। ਫ਼ਿਰ ਅਜਿਹਾ ਮਨੁਖ, ਜਨਮ ਮਰਨ ਦੇ ਗੇੜ ਵਿਚ ਫ਼ਸਿਆ ਰਹੇਗਾ।

ਗੁਰਬਾਣੀ ਵਿਚ ਗੁਰਸਿਖ ਦੀ ਅਪਾਰ ਮਹਿਮਾ ਗਾਈ ਗਈ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਪ੍ਰਭੂ ਤੋਂ ਗੁਰਸਿਖਾਂ ਦੇ ਚਰਨਾਂ ਦੀ ਧੂੜ ਮੰਗੀ ਹੈ ਜਿਸ ਨਾਲ ਪਾਪੀ ਵੀ ਪਰਮਗਤੀ ਨੂੰ ਪ੍ਰਾਪਤ ਹੁੰਦੇ ਹਨ - 'ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥', ਪੰਨਾ ੧੪੦੪. ਮਹਾਰਾਜ ਦੇ ਹੋਰ ਬਚਨ ਹਨ ਕਿ ਜਿਹੜਾ ਸਿਖ ਗੁਰੂ ਦੀ ਕਾਰ ਕਮਾਉਂਦਾ ਹੈ, ਪ੍ਰੇਮ ਕਰਦਾ ਹੈ, ਨਾਮ ਜਪਦਾ, ਸੇਵਾ ਕਰਦਾ ਹੈ, ਮੈਂ ਉਸ ਦੇ ਗ਼ੁਲਾਮਾਂ ਦਾ ਗ਼ੁਲਾਮ ਹਾਂ - 'ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ॥', ਪੰਨਾ ੩੧੧. ਪੰਚਮ ਪਾਤਸ਼ਾਹ ਦਾ ਨਿਰਨਾ ਹੈ ਕਿ ਗੁਰੂ, ਵਾਹਿਗੁਰੂ ਆਪਣੇ ਗੁਰਸਿਖ ਨੂੰ ਹਰ ਹਾਲ ਰਖ ਲੈਂਦੇ ਹਨ, ਹਰ ਤਰੀਕੇ ਉਸ ਦੀ ਮਦਦ ਕਰਦੇ ਹਨ, ਸਭ ਤੋਂ ਵਡੇ ਸੰਸਾਰ ਸਮੁੰਦਰ ਤੋਂ ਵੀ ਉਸ ਨੂੰ ਆਪਣੀ ਕਿਰਪਾ ਨਾਲ ਕਢ ਲੈਂਦੇ ਹਨ ਅਤੇ ਨਿਹਾਲ ਕਰ ਦਿੰਦੇ ਹਨ - 'ਗੁਰਸਿਖ ਰਾਖੇ ਗੁਰ ਗੋਪਾਲਿ॥ ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ॥', ਪੰਨਾ ੩੮੨. ਗੁਰਸਿਖ ਦੇ ਚਰਨਾਂ ਤੇ ਨਮਸਕਾਰ ਕਰਨ ਦੇ ਵੀ ਬਚਨ ਕੀਤੇ ਹਨ - 'ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥', ਪੰਨਾ ੭੬੩. ਮਹਾਰਾਜ ਨੇ ਸੁਖਮਨੀ ਸਾਹਿਬ ਵਿਚ ਵੀ ਗੁਰੂ ਦੁਆਰਾ ਸਿਖ ਦੀ ਪ੍ਰਤਿਪਾਲਣਾ ਅਤੇ ਕਿਰਪਾ ਕਰਨ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ।

ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਪੁਤਰਾਂ ਤੋਂ ਵਧ ਆਪਣੇ ਸਿਖਾਂ ਨਾਲ ਪ੍ਰੇਮ ਕੀਤਾ, ਇਥੋਂ ਤਕ ਕਿ ਗੁਰਿਆਈ ਗਦੀ ਵੀ ਆਪਣੇ ਸਿਖ ਨੂੰ ਸੌਂਪ ਦਿਤੀ। ਦੂਜੇ ਅਤੇ ਤੀਜੇ ਪਾਤਸ਼ਾਹ ਨੇ ਵੀ ਆਪਣੇ ਆਪਣੇ ਸਮੇਂ ਤੇ ਸਿਖ ਨੂੰ ਹੀ ਗੁਰਤਾ ਸੌਂਪੀ। ਸ੍ਰੀ ਗੁਰੂ ਨਾਨਕ ਸਾਹਿਬ ਨੇ ਤਾਂ ਗੁਰਸਿਖਾਂ ਨੂੰ ਆਪਣਾ ਪੁਤ ਕਹਿ ਕੇ ਨਿਵਾਜਿਆ ਹੈ - 'ਜਨ ਨਾਨਕ ਕੇ ਗੁਰਸਿਖ ਪੁਤਤਹੁ ਹਰਿ ਜਪਿਅਹੁ ਹਰਿ ਨਿਸਤਾਰਿਆ॥', ਪੰਨਾ ੩੧੨. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਆਪਣੇ ਗੁਰਸਿਖ, ਪੰਜ ਪਿਆਰਿਆਂ ਨੂੰ ੧੬੯੯ ਵਿਚ ਹੀ ਗੁਰਤਾ ਗਦੀ ਸੌਂਪ ਦਿਤੀ ਸੀ - '**ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ॥ ਜੋ ਸਿਖ ਮੋ ਮਿਲਬੋ ਚਹਹਿ ਖੋਜ ਇਨਹੁ ਮੈ ਲੇਹੁ॥੨੪॥**', ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ (ਪੰਜਾਬੀ ਯੂਨੀਵਰਸਿਟੀ, ਪਟਿਆਲਾ)।

ਭਾਈ ਗੁਰਦਾਸ ਜੀ ਨੇ ਗੁਰਸਿਖ ਦੀ ਸੇਵਾ ਦੀ ਵਡੀ ਮਹਾਨਤਾ ਦਸੀ ਹੈ। ਉਨ੍ਹਾਂ ਅਨੁਸਾਰ ਪੰਜ ਪੰਜ ਵਾਰ ਗੰਗਾ ਅਤੇ ਪ੍ਰਯਾਗ ਦੇ ਇਸ਼ਨਾਨ ਕਰਨ, ਦੇ ਫ਼ਲ ਤੁਲ ਇਕ ਗੁਰਸਿਖ ਨੂੰ ਇਕ ਵਾਰ ਇਸ਼ਨਾਨ ਕਰਵਾਉਣਾ ਹੈ। ਇਸੇ ਤਰ੍ਹਾਂ ਇਕ ਗੁਰਸਿਖ ਨੂੰ ਇਕ ਵਾਰ ਪ੍ਰੇਮ ਨਾਲ ਪਾਣੀ ਪਿਆਉਣ ਦਾ ਪੁੰਨ ਕੁਰਖੇਤ ਆਦਿ ਤੀਰਥਾਂ ਦੀ ਯਾਤਰਾ ਅਤੇ ਅਸ੍ਵਮੇਧ ਜਗ ਦੇ ਫ਼ਲ ਦੇ ਤੁਲ ਦਸਿਆ ਹੈ, ਆਦਿ - 'ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥ ਸਿਖ ਕਉ ਪਿਲਾਇ ਪਾਨੀ ਭਾਉ ਕਰ ਕੁਰਖੇਤ ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥...', ਕਬਿਤ ੬੭੩.